## ਵਿਆਕਰਨ

**ਪ੍ਰ1. ਹੇਠਾਂ ਦਿੱਤੇ ਵਾਕਾਂ ਦੀ ਸ਼ੁੱਧੀ ਕਰੋ: (4)**

ੳ) ਕੋਈ ਕੰਮ ਨਹੀਂ ਦੁਨੀਆਂ ਵਿੱਚ ਅਸੰਭਵ

ਅ) ਹੱਥੀ ਕਿਰਤ ਨਾਲ ਰਹਿੰਦਾ ਹੈ ਮਨੁੱਖ ਤੰਦਰੁਸਤ

ੲ) ਅੱਜ ਸਾਡੇ ਸਮਾਜ ਵਿੱਚ ਭਾਰੂ ਹੋ ਰਹੀ ਹੈ ਵਿਅਕਤੀਗਤ ਸੋਚ

ਸ) ਰਾਮ ਕੀ ਕਮੀਜ਼ ਤੇ ਪੈਂਟ ਪਾਟ ਗਏ ਹਨ

**ਪ੍ਰ2. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ। (5)**

ਊਠ ਦੇ ਗਲ ਟੱਲੀ, ਅੱਖਾਂ ਫੇਰ ਲੈਣਾ, ਅੱਗ ਲਾਉਣੀ, ਈਦ ਦਾ ਚੰਨ ਹੋਣਾ, ਉੱਚਾ-ਨੀਵਾਂ ਬੋਲਣਾ

**ਪ੍ਰ3. ਹੇਠਾਂ ਦਿੱਤਾ ਚਿੱਤਰ ਵੇਖ ਕੇ ਉਸਦਾ ਵਰਨਣ 100 ਸ਼ਬਦਾਂ ਵਿੱਚ ਕਰੋ। (7)**



**ਪ੍ਰ5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਉ। (9)**

ਕੇਵਲ ਸਾਹਿਤ ਦੇ ਮਾਧਿਅਮ ਦੁਆਰਾ ਹੀ ਨਹੀਂ, ਸਗੋਂ ਵਿੱਦਿਅਕ ਖੇਤਰ ਵਿੱਚ ਵੀ ਅਸਲੀ ਪ੍ਰਯੋਗ ਕਰਕੇ ਟੈਗੋਰ ਨੇ ਲਾਸਾਨੀ ਵਿੱਦਿਅਕ ਪ੍ਰਨਾਲੀ ਪੇਸ਼ ਕੀਤੀ। ਉਸਨੇ ਆਪਣੇ ਸੰਦੇਸ਼ ਆਪਣੀ ਬੋਲੀ ਵਿੱਚ ਦੇਣ ਦਾ ਬੀੜਾ ਚੁੱਕਿਆ। ਉਹ ਉਹਨਾਂ ਸੰਸਥਾਵਾਂ ਨੂੰ ਨਫ਼ਰਤ ਕਰਦਾ ਸੀ ਜਿੱਥੇ ਬੱਚਿਆਂ ਦੇ ਮਾਂ-ਬੋਲੀ ਵਿੱਚ ਫੁੱਟਦੇ ਮੌਲਿਕ ਵਿਚਾਰਾਂ ਨੂੰ ਵਿਗਸਣ ਨਹੀਂ ਸੀ ਦਿੱਤਾ ਜਾਂਦਾ। ਉਹ ਨਹੀਂ ਸੀ ਚਾਹੁੰਦਾ ਕਿ ਜਮਾਤਾਂ ਵਿੱਚ ਬੱਚੇ ਪੱਥਰ ਦੇ ਬੁੱਤ ਜਾਂ ਅਜਾਇਬ-ਘਰ ਦੀਆਂ ਵਸਤਾਂ ਵਾਂਗ ਹੋਣ। ਕੁਦਰਤੀ ਨਜ਼ਾਰਿਆਂ ਵਿੱਚ ਖਿਲੀਆਂ ਪਾਉਂਦੇ, ਮੀਂਹ ਵਿੱਚ ਨੰਗ-ਧੜੰਗ ਭੱਜਦੇ ਫ਼ਿਰਦੇ ਮੋਹ-ਪਿਆਰ ਵਿੱਚ ਭਿੱਜੇ ਬੱਚਿਆਂ ਨੂੰ ਵੇਖ ਕੇ ਟੈਗੋਰ ਫੁਲਿਆ ਨਹੀਂ ਸੀ ਸਮਾਉਂਦਾ। ਉਹ ਚਾਹੁੰਦਾ ਸੀ ਕਿ ਹਰ ਨਵੀਂ ਸਵੇਰ ਜ਼ਿੰਦਗੀ ਦੇ ਨਵੀਨ ਪਹਿਲੂਆਂ ਬਾਰੇ ਬੱਚਿਆਂ ਨੂੰ ਪ੍ਰੇਰਨਾ ਦੇਵੇ। ਪੁਰਾਣੀਆਂ ਰਵਾਇਤਾਂ ਦਾ ਖ਼ਾਤਮਾ ਜ਼ਰੂਰੀ ਹੈ। ਸਮੇਂ ਅਨੁਸਾਰ ਹੋਈ ਤਬਦੀਲੀ ਸਿਰਜਣਾਤਮਕਤਾ ਦੀ ਸੂਚਕ ਹੈ। ਇਸ ਦੁਆਰਾ ਸੱਭਿਆਚਾਰ ਨਰੋਆ ਹੁੰਦਾ ਹੈ।

ੳ) ਕਿਹੜੀਆਂ ਸੰਸਥਾਵਾਂ ਨੂੰ ਟੈਗੋਰ ਨਫ਼ਰਤ ਕਰਦਾ ਸੀ?

ਅ) ਬੱਚਿਆਂ ਬਾਰੇ ਟੈਗੋਰ ਦੇ ਕਿਸ ਤਰ੍ਹਾਂ ਦੇ ਵਿਚਾਰ ਸਨ?

ੲ) ਟੈਗੋਰ ਨੂੰ ਬੱਚੇ ਕਦੋਂ ਚੰਗੇ ਲੱਗਦੇ ਸਨ?

ਸ) ਟੈਗੋਰ ਅਨੁਸਾਰ ਸਿਰਜਣਾ ਲਈ ਕਿਸ ਦਾ ਖ਼ਾਤਮਾ ਜ਼ਰੂਰੀ ਹੈ?

ਹ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।